# ਪਰਮੇਸ਼ੁਰ ਨੇ ਆਪਣੇ ਲੋਕਾਂ ਨੂੰ ਗੁਲਾਮੀ ਤੋਂ ਅਜ਼ਾਦ ਕੀਤਾ

ਇਹ ਅਧਿਐਨ ਕਰਨ ਤੋਂ ਪਹਿਲਾਂ, P2a1 ਉਤਪਤ ਵਿੱਚ ਕੁਲਪਤੀਆਂ ਬਾਰੇ ਅਧਿਐਨ ਕਰੋ।

ਜਿਹੜੇ ਬੱਚਿਆਂ ਨੂੰ ਸਿੱਖਿਆ ਦੇਂਦੇ ਹਨ ਉਨ੍ਹਾਂ ਨੂੰ P2b1 ਅਤੇ P2b2 ਦਾ ਅਧਿਐਨ ਕਰਨਾ ਚਾਹੀਦਾ ਹੈ।

**1. ਕੂਚ ਬਾਰੇ ਸਿਖਾਉਣ ਲਈ ਪ੍ਰਾਰਥਨਾ ਅਤੇ ਪਰਮੇਸ਼ੁਰ ਦੇ ਵਚਨ ਨਾਲ ਤਿਆਰੀ ਕਰੋ।**

ਪ੍ਰਾਰਥਨਾ: ''ਪਿਆਰੇ ਪ੍ਰਭੂ, ਸਾਨੂੰ ਵੀ ਉਹੋ ਹੌਂਸਲਾ, ਨਿਹਚਾ ਅਤੇ ਆਗਿਆਕਾਰੀ ਦੇ ਜਿਹੜੀ ਮੂਸਾ ਕੋਲ ਸੀ, ਜਦੋਂ ਤੂੰ ਉਸਨੂੰ ਆਪਣੇ ਲੋਕਾਂ ਨੂੰ ਮਿਸਰ ਦੇ ਫ਼ਿਰਊਨ ਰਾਜਾ ਅਤੇ ਉਸਦੀ ਸੈਨਾ ਤੋਂ ਅਜ਼ਾਦ ਕਰਵਾਉਣ ਲਈ ਇਸਤੇਮਾਲ ਕੀਤਾ। ਅਸੀਂ ਵੀ ਅੱਜ, ਮਹਾਨ ਚਮਤਕਾਰ ਕਰਨ, ਕੌਮਾਂ ਨੂੰ ਤੇਰੇ ਰਾਜ ਵਿੱਚ ਲਿਆਉਣ ਅਤੇ ਯਿਸੂ ਦੇ ਨਾਮ ਵਿੱਚ ਲੋਕਾਂ ਦੇ ਜੀਵਨਾਂ ਨੂੰ ਬਦਲਣ ਅਤੇ ਚੰਗਾ ਕਰਨ ਲਈ ਭਰੋਸਾ ਕਰਦੇ ਹਾਂ।''

ਕੂਚ **1 ਅਧਿਆਏ** ਵਿੱਚ ਪੜ੍ਹੋ ਕਿਵੇਂ ਦੁਸ਼ਟ ਰਾਜੇ ਨੇ ਮੁੰਡਿਆਂ ਨੂੰ ਮਰਵਾਇਆ। ਯਿਸੂ ਦੇ ਜਨਮ ਤੇ ਕਿਹੋ ਜਿਹੀਆਂ ਘਟਨਾਵਾਂ ਹੋਈਆਂ (ਮੱਤੀ 2:13-16)?


ਕੂਚ **2:1-10** ਵਿੱਚ ਪੜ੍ਹੋ ਕਿਸਨੇ ਬਾਲ ਮੂਸਾ ਨੂੰ ਬਚਾਇਆ।

ਕੂਚ **2:11-15** ਵਿੱਚ ਪੜ੍ਹੋ ਮੂਸਾ ਬਾਅਦ ਵਿੱਚ ਕਿਉਂ ਮਿਦਯਾਨ ਵਿੱਚ ਭੱਜਾ ਅਤੇ ਉੱਥੇ ਉਸਨੂੰ ਕੀ ਹੋਇਆ।

ਕੂਚ **3 ਅਧਿਆਏ** ਵਿੱਚ ਪੜ੍ਹੋ, ਬਲਦੀ ਝਾੜੀ ਵਿੱਚੋਂ ਬੋਲਦਿਆਂ, ਪਰਮੇਸ਼ੁਰ ਨੇ ਮੂਸਾ ਨੂੰ ਕੀ ਕਰਨ ਲਈ ਕਿਹਾ।



ਕੂਚ **5 ਅਧਿਆਏ** ਵਿੱਚ ਪੜ੍ਹੋ ਮੂਸਾ ਅਤੇ ਰਾਜਾ ਫ਼ਿਰਊਨ ਵਿੱਚਕਾਰ, ਅਤੇ ਮੂਸਾ ਅਤੇ ਉਸਦੇ ਆਪਣੇ ਲੋਕਾਂ ਵਿੱਚਕਾਰ ਝਗੜਾ।




ਕੂਚ **6-11** **ਅਧਿਆਇਆਂ** ਵਿੱਚ ਦਸ ਬਵਾਂ ਪੜ੍ਹੋ ਜਿਹੜੀਆਂ ਪਰਮੇਸ਼ੁਰ ਨੇ ਰਾਜਾ ਫ਼ਿਰਊਨ ਨੂੰ ਪਰਮੇਸ਼ੁਰ ਦੇ ਲੋਕਾਂ ਨੂੰ ਅਜ਼ਾਦ ਕਰਨ ਲਈ ਮਜ਼ਬੂਰ ਕਰਨ ਲਈ ਭੇਜੀਆਂ, ਅਤੇ ਕਿਵੇਂ ਆਖਰੀ ਬਵਾ ਸਾਰੀਆਂ ਬਵਾਂ ਨਾਲੋਂ ਭਿਆਨਕ ਸੀ।

ਕੂਚ **12** **ਅਧਿਆਏ** ਵਿੱਚ ਪੜ੍ਹੋ ਯਹੋਵਾਹ ਨੇ ਕਿਹੜਾ ਪਰਬ ਸਥਾਪਿਤ ਕੀਤਾ, ਅਤੇ ਕਿਉਂ ਪਰਮੇਸ਼ੁਰ ਦੇ ਲੋਕਾਂ ਨੇ ਘਰਾਂ ਦੇ ਬੂਹਿਆਂ ਤੇ ਲਹੂ ਦਾ ਨਿਸ਼ਾਨ ਲਾਇਆ।

**ਮੱਤੀ 16:17-28** ਵਿੱਚ ਪੜ੍ਹੋ ਯਿਸੂ ਕਿਹੜਾ ਪਰਬ ਮਨਾ ਰਿਹਾ ਸੀ ਜਦੋਂ ਉਸਨੇ ਪ੍ਰਭੂ ਭੋਜ ਦੀ ਸਥਾਪਨਾ ਕੀਤੀ।


ਕੂਚ **14** **ਅਧਿਆਏ** ਵਿੱਚ ਪੜ੍ਹੋ ਕਿਵੇਂ ਪਰਮੇਸ਼ੁਰ ਦੇ ਲੋਕ ਮਿਸਰ ਦੀ ਸੈਨਾ ਤੋਂ ਬਚੇ।

ਪੁਰਾਣੇ ਨੇਮ ਦਾ ਸਭ ਤੋਂ ਵੱਡਾ ਚਮਤਕਾਰ ਸੀ ਜਦੋਂ ਪਰਮੇਸ਼ੁਰ ਨੇ ਇਸਰਾਏਲੀਆਂ ਦੇ ਮੌਤ ਤੋਂ ਬਚਣ ਲਈ ਲਾਲ ਸਮੁੰਦਰ ਵਿੱਚੋਂ ਰਸਤਾ ਕੱਢਿਆ। ਪਰਮੇਸ਼ੁਰ ਨੇ ਇਸਰਾਏਲ ਨਾਲ ਆਪਣਾ ਪੁਰਾਣਾ ਨੇਮ ਇਸ ਮਹਾਨ ਘਟਨਾ ਤੇ ਸਥਾਪਿਤ ਕੀਤਾ ਜਿਹੜੀ ਮਸੀਹ ਦੇ ਜਨਮ ਤੋਂ ਲਗਭਗ 1,500 ਸਾਲ ਪਹਿਲਾਂ ਹੋਈ।



ਪਰਮੇਸ਼ੁਰ ਦੇ ਲੋਕਾਂ ਨੇ ਮਿਸਰ ਵਿੱਚ ਨਾਇਲ ਨਦੀ ਨੂੰ ਛੱਡ ਕੇ, ਲਾਲ ਸਮੁੰਦਰ ਪਾਰ ਕੀਤਾ ਅਤੇ ਸੀਨਈ ਪਰਬਤ ਤੇ ਚੜ੍ਹੇ, ਜਿੱਥੇ ਪਰਮੇਸ਼ੁਰ ਨੇ ਮੂਸਾ ਨੂੰ ਉਨ੍ਹਾਂ ਦੀ ਪ੍ਰਾਚੀਨ ਬਿਵਸਥਾ ਦਿੱਤੀ। ਕੁਝ ਰਵਾਇਤਾਂ ਸੀਨਈ ਪਰਬਤ ਨੂੰ #1 ਜਗ੍ਹਾ ਤੇ ਰੱਖਦੇ ਹਨ ਪਰ ਪੁਰਾਤੱਤਵ ਵਿਗਿਆਨੀਆਂ ਨੇ #2 ਜਗ੍ਹਾ ਤੇ ਮਿੱਟੀ ਦੇ ਭਾਂਡੇ ਸੁੱਟੇ ਹੋਏ ਅਤੇ ਗਿਹਣੇ ਲੱਭੇ ਹਨ, ਜੋ ਬਹੁਤ ਸਾਰੇ ਲੋਕਾਂ ਦੇ ਇਕ ਪ੍ਰਾਚੀਨ ਡੇਰੇ ਵੱਲ ਸੰਕੇਤ ਕਰਦੇ ਹਨ।

*ਹੇਠਾਂ ਦਿੱਤੇ ਨਕਸ਼ੇ ਤੇ ਮਿਸਰ ਤੋਂ ਇਸਰਾਏਲ ਵੱਲ ਜਾਂਦਾ ਰਸਤਾ ਵੇਖੋ।*




ਕੂਚ **16** **ਅਧਿਆਏ** ਵਿੱਚ ਪੜ੍ਹੋ ਕਿ ਲੋਕ ਕਿਉਂ ਬੁੜਬੜਾਏ ਅਤੇ ਪਰਮੇਸ਼ੁਰ ਨੇ ਖਾਣ ਲਈ ਉਨ੍ਹਾਂ ਨੂੰ ਕਿਹੜੀਆਂ ਦੋ ਚੀਜ਼ਾਂ ਦਿੱਤੀਆਂ।

ਕੂਚ ਅਧਿਆਏ **17:1-13** ਵਿੱਚ ਪੜ੍ਹੋ:

- ਲੋਕ ਦੁਬਾਰਾ ਕਿਉਂ ਬੁੜਬੁੜਾਏ ਅਤੇ ਪਰਮੇਸ਼ੁਰ ਨੇ ਉਨ੍ਹਾਂ ਨੂੰ ਕੀ ਦਿੱਤਾ ਸ?
- ਹਾਰੂਨ ਅਤੇ ਹੁਰ ਨੇ ਮੂਸਾ ਦੇ ਹੱਥਾਂ ਨੂੰ ਕਿਉਂ ਸਾਂਭ ਛੱਡਿਆ?

ਕੂਚ **18** ਅਧਿਆਏ ਵਿੱਚ ਪੜ੍ਹੋ ਕਿਵੇਂ ਮੂਸਾ ਨੇ ਲੋਕਾਂ ਨੂੰ ਇਕੱਠਿਆਂ ਕੀਤਾ।

**2. ਆਪਣੇ ਸਹਿਕਰਮੀਆਂ ਨਾਲ ਮਿਲਕੇ ਹਫ਼ਤੇ ਦੌਰਾਨ ਹੋਣ ਵਾਲੀਆਂ ਉਨ੍ਹਾਂ ਦੀਆਂ ਗਤੀਵਿਧੀਆਂ ਬਾਰੇ ਯੋਜਨਾ ਬਣਾਓ।**

- ਯੋਗ ਚਰਵਾਹਿਆਂ ਨੂੰ ਥਾਪਣ ਲਈ ਯਿਥਰੋ ਦੀ ਸਲਾਹ ਨੂੰ ਲਾਗੂ ਕਰਦੇ ਹੋਏ, ਮੰਡਲੀਆਂ ਅਤੇ ਸਮੂਹ ਸ਼ੁਰੂ ਕਰੋ।
- ਨਵੇਂ ਚਰਵਾਹਿਆਂ ਨੂੰ ਕੂਚ ਵਿੱਚੋਂ ਉਨ੍ਹਾਂ ਦੇ ਝੁੰਡਾਂ ਨੂੰ ਇਹ ਅਧਿਐਨ ਬਾਰੇ ਸਿਖਾਉਣ ਲਈ ਸਿੱਖਿਆ ਦਿਓ।
- ਇਨ੍ਹਾਂ ਆਗੂਆਂ ਨੂੰ ਉਨ੍ਹਾਂ ਲੋਕਾਂ ਕੋਲ ਜਿਨ੍ਹਾਂ ਨੂੰ ਲੋੜ ਹੈ ਜਾਂ ਬਿਮਾਰ ਹਨ, ਸਲਾਹ ਦੇਣ ਲਈ ਅਤੇ ਉਨ੍ਹਾਂ ਲਈ ਪ੍ਰਾਰਥਨਾ ਕਰਨ ਲਈ ਜਾਣ ਨੂੰ ਕਹੋ।

**3. ਆਪਣੇ ਸਹਿਕਰਮੀਆਂ ਨਾਲ ਅਗਲੇ ਅਰਾਧਨਾ ਸਮੇਂ ਬਾਰੇ ਯੋਜਨਾ ਬਣਾਓ।**

ਅਜਿਹੀਆਂ ਗਤੀਵਿਧੀਆਂ ਚੁਣੋ ਜਿਹੜੀਆਂ ਲੋਕਾਂ ਦੀਆਂ ਲੋੜਾਂ ਲਈ ਢੁੱਕਵੀਆਂ ਹਨ।

ਉਨ੍ਹਾਂ ਘਟਨਾਵਾਂ ਨੂੰ ਜਿਨ੍ਹਾਂ ਦਾ ਅਧਿਐਨ ਤੁਸੀਂ ਭਾਗ 1 ਵਿੱਚ ਕੀਤਾ ਹੈ, ਉਨ੍ਹਾਂ ਵਿੱਚੋਂ ਕੁਝ ਦਾ ਦੁਬਾਰਾ ਵਰਣਨ ਕਰੋ ਜਾਂ ਉਨ੍ਹਾਂ ਨੂੰ ਨਾਨਕ ਦੇ ਰੂਪ ਵਿੱਚ ਪੇਸ਼ ਕਰੋ।


ਦਸੋ ਕਿ ਯਹੂਦੀਆਂ ਨੇ ਕਿਉਂ ਆਪਣੇ ਘਰਾਂ ਦੇ ਬੂਹਿਆਂ ਤੇ ਲਹੂ ਲਾਇਆ। ਦੱਸੋ ਕਿ ਪਸਾਹ ਦਾ ਪਰਬ ਕਿਵੇਂ ਪ੍ਰਭੂ ਭੋਜ ਦੇ ਬਰਾਬਰ ਹੈ।

ਦੱਸੋ ਕਿ ਦੁਸ਼ਟ ਰਾਜਾ ਫ਼ਿਰਊਨ ਬਾਈਬਲ ਵਿੱਚ ਸ਼ੈਤਾਨ ਦੀ ਤਸਵੀਰ ਹੈ।

- ਸ਼ੈਤਾਨ ਦੀ ਤਰ੍ਹਾਂ, ਫ਼ਿਰਊਨ ਕੋਲ ਵੱਡੀ ਸ਼ਕਤੀ ਸੀ ਅਤੇ ਉਸਨੇ ਲੋਕਾਂ ਨੂੰ ਗੁਲਾਮੀ ਵਿੱਚ ਰੱਖਿਆ।
- ਜਿਵੇਂ ਪਰਮੇਸ਼ੁਰ ਨੇ ਇਸਰਾਏਲੀਆਂ ਨੂੰ ਫ਼ਿਰਊਨ ਅਤੇ ਉਸਦੀ ਵੱਡੀ ਸੈਨਾ ਤੋਂ ਆਜ਼ਾਦ ਕੀਤਾ, ਉਸੇ ਤਰ੍ਹਾਂ ਯਿਸੂ ਲੋਕਾਂ ਨੂੰ ਸ਼ੈਤਾਨ ਅਤੇ ਦੁਸ਼ਟ ਆਤਮਾਵਾਂ ਦੀ ਉਸਦੀ ਸੈਨਾ ਤੋਂ ਅਜ਼ਾਦ ਕਰਦਾ ਹੈ।
- ਉਨ੍ਹਾਂ ਲੋਕਾਂ ਲਈ ਪ੍ਰਾਰਥਨਾ ਕਰੋ, ਜਿਨ੍ਹਾਂ ਨੂੰ ਸ਼ੈਤਾਨ ਅਤੇ ਦੁਸ਼ਟ ਆਤਮਾਵਾਂ ਤੋਂ ਅਜ਼ਾਦ ਹੋਣ ਲਈ ਮਸੀਹ ਦੀ ਲੋੜ ਹੈ।
- ਬੱਚਿਆਂ ਨੂੰ ਉਹ ਚੀਜ਼ਾਂ ਪੇਸ਼ ਕਰਨ ਦਿਓ ਜੋ ਉਨ੍ਹਾਂ ਤਿਆਰ ਕੀਤੀਆਂ ਹਨ।
- ਪ੍ਰੱਭੂ ਭੋਜ ਸ਼ੁਰੂ ਕਰਨ ਲਈ ਕੂਚ 12:3 ਪੜ੍ਹੋ ਅਤੇ ਬਿਆਨ ਕਰੋ:
- ਇਸਰਾਏਲੀਆਂ ਨੇ ਪਸਾਹ ਦਾ ਪਰਬ ਮਨਾਉਣ ਲਈ ਲੇਲਾ ਖਾਧਾ।
- ਪਰਮੇਸ਼ੁਰ ਦਾ ਦੂਤ ਸਾਰੇ ਮਿਸਰ ਵਿੱਚੋਂ ਲੰਘਿਆ ਅਤੇ ਉਸਨੇ ਹਰ ਘਰ ਦੇ ਪਲੋਠੇ ਨੂੰ ਮਾਰ ਦਿੱਤਾ, ਪਰ ਉਨ੍ਹਾਂ ਘਰਾਂ ਦੇ ਪੁੱਤਰਾਂ ਨੂੰ ਛੱਡ ਦਿੱਤਾ, ਜਿਨ੍ਹਾਂ ਦੇ ਬੂਹਿਆਂ ਤੇ ਲੇਲੇ ਦਾ ਲਹੂ ਲੱਗਾ ਸੀ।



- ਯਿਸੂ ਪਰਮੇਸ਼ੁਰ ਦਾ ਲੇਲਾ ਹੈ ਜਿਹੜਾ ਜਗਤ ਦੇ ਪਾਪ ਚੁੱਕ ਲੈ ਜਾਂਦਾ ਹੈ।
- ਕਿਉਂਕਿ ਯਿਸੂ ਆਇਆ ਅਤੇ ਮਰਿਆ, ਪ੍ਰਭੂ ਭੋਜ ਸਾਡਾ ਪਸਾਹ ਦਾ ਪਰਬ ਹੈ।



**ਵਿਸ਼ਵਾਸੀਆਂ** ਨੂੰ **ਗਵਾਹੀ ਦੇਣ ਦਿਓ** ਕਿ ਕਿਵੇਂ ਪ੍ਰੱਭੂ ਭੋਜ ਨੇ ਉਨ੍ਹਾਂ ਨੂੰ ਯਿਸੂ ਦੀ ਮੌਤ ਦੀ ਕੁਰਬਾਨੀ ਨੂੰ ਯਾਦ ਕਰਨ ਅਤੇ ਪ੍ਰਸ਼ੰਸਾ ਕਰਨ ਵਿੱਚ ਮਦਦ ਕੀਤੀ।

ਇਕ ਦੂਜੇ ਲਈ ਪ੍ਰਾਰਥਨਾ ਕਰਨ ਅਤੇ ਵਿੱਚਾਰ ਵਿਮਰਸ਼ ਕਰਨ ਲਈ ਕਿ ਕਿਵੇਂ ਉਹ ਸ਼ੈਤਾਨ ਦੀ ਗੁਲਾਮੀ ਤੋਂ ਅਜ਼ਾਦ ਹੋਣ ਲਈ ਇਕ ਦੂਜੇ ਦੀ ਮਦਦ ਕਰ ਸਕਦੇ ਹਨ, ਦੋ ਅਤੇ ਤਿੰਨ ਲੋਕਾਂ ਦੇ **ਸਮੂਹ ਬਣਾਓ**।

**ਮਰਦਾਂ** ਨੂੰ ਕੂਚ 15:18-19 ਅਤੇ **ਔਰਤਾਂ** ਨੂੰ 20-21 ਆਇਤਾਂ **ਯਾਦ ਕਰਨ ਦਿਓ**।

Copyright 2004 © by Paul-Timothy. May be freely copied. Download from www.Paul-Timothy.net